ਰੋਲਜ਼ ਤੋਂ ਉਸਦਾ ਨਾਂ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਨਾਂ ਕੱਟ ਹੋਣ ਤੋਂ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਮੁੜ ਦਾਖਲੇ ਦੀ ਫੀਸ ਦੇ ਕੇ ਦਾਖਲ ਹੋ ਸਕਦੇ ਹਨ। ਮੁੜ ਦਾਖਲਾ ਕੇਵਲ ਇੱਕ ਵਾਰ ਹੀ ਕੀਤਾ ਜਾਵੇਗਾ। ਅਜਿਹੇ ਵਿਦਿਆਰਥੀ ਨੂੰ ਉਸ ਸਮੇਂ, ਜਿਸ ਦੌਰਾਨ ਉਨ੍ਹਾਂ ਦਾ ਨਾਂ ਕੱਟਿਆ ਹੋਇਆ ਹੋਵੇਗਾ, ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ। ਨਾਂ ਕੱਟੇ ਹੋਏ ਸਮੇਂ ਦੌਰਾਨ ਉਹ ਕਾਲਜ ਦੀ ਕਿਸੇ ਵੀ ਅਕਾਦਮਕ, ਖੇਡਾਂ ਨਾਲ ਸੰਬੰਧਤ ਅਤੇ ਸਹਿ-ਪਾਠਕ੍ਰਮ ਸਰਗਰਮੀਆਂ ਵਿੱਚ ਭਾਗ ਲੈਣ ਦੇ ਯੋਗ ਨਹੀਂ ਹੋਵੇਗਾ ਅਤੇ ਕਿਸੇ ਵੀ ਕਾਰਜ ਵਿੱਚ ਕਾਲਜ ਦੀ ਪ੍ਰਤੀਨਿਧਤਾ ਨਹੀਂ ਕਰ ਸਕੇਗਾ।

## ਵਜ਼ੀਫ਼ੇ :

ਸਰਕਾਰ ਵਲੋਂ ਜਾਣਕਾਰੀ ਪ੍ਰਾਪਤ ਹੋਣ 'ਤੇ ਸਮੇਂ-ਸਮੇਂ ਵਿਦਿਆਰਥੀਆਂ ਨੂੰ ਵਜ਼ੀਫ਼ਿਆਂ ਬਾਰੇ ਸੂਚਿਤ ਕੀਤਾ ਜਾਂਦਾ ਹੈ। ਸਰਕਾਰ ਦੀ ਹਦਾਇਤ ਅਨੁਸਾਰ ਕੋਈ ਵੀ ਵਜ਼ੀਫ਼ਾ/ਵਿਤੀ ਲਾਭ ਵਾਪਸ ਲਿਆ ਜਾ ਸਕਦਾ ਹੈ। ਇਸ ਕਾਲਜ ਵਿਚ ਵਿਦਿਆਰਥੀਆਂ ਲਈ ਵਜ਼ੀਫ਼ੇ ਨਿਮਨ ਅਨੁਸਾਰ ਹਨ :

1. ਪੰਜਾਬ ਯੂਨੀਵਰਸਿਟੀ ਦੇ ਡੀਨ ਕਾਲਜ ਡਿਵੈਲਪਮੈਂਟ ਕਾਊਂਸਲ ਵਲੋਂ ਯੋਗ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫੇ-
   The list of scholarships which are being awarded to the students of affiliated colleges by Dean, College Development Council in the following categories is available on the website of Dean, College Development Council Panjab University i.e.
   http://dedc.suchd.ac.in
   1. Means cum Merit
   2. Sports
   3. Single Girl Child
   4. Physically Disabled
   5. Aids/Cancer Patient

   In addition to above scholarships available to the students of Panjab University the scholarships are also available on Panjab University website : –**http://puchd.ac.in**
2. **ਪੰਜਾਬ ਸਿੱਖਿਆ ਵਿਭਾਗ ਦੇ ਵਜ਼ੀਫ਼ੇ :** ਪੰਜਾਬ ਸਰਕਾਰ ਵਲੋਂ ਮੈਰਿਟ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ।
3. **ਨੈਸ਼ਨਲ ਸਕਾਲਰਸ਼ਿਪ :** ਕੇਂਦਰ ਸਰਕਾਰ ਵਲੋਂ ਮੈਰਿਟ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ।
4. **ਪੱਟੀਦਰਜ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਲਈ ਵਜ਼ੀਫ਼ੇ :** ਪੰਜਾਬ ਸਰਕਾਰ ਵਲੋਂ ਦਿੱਤੇ ਜਾਂਦੇ ਹਨ।
5. **ਨੈਸ਼ਨਲ ਟੇਲੈਂਟ ਸਕਾਲਰਸ਼ਿਪ :** ਜੋ ਵਿਦਿਆਰਥੀਆਂ ਨੂੰ ਟੈਸਟ ਦੇ ਆਧਾਰ 'ਤੇ ਮਿਲਦੇ ਹਨ।
6. **ਰਾਜਨੀਤਿਕ ਤੌਰ ਤੇ ਪੀੜਤਾਂ ਦੇ ਬੱਚਿਆਂ ਲਈ ਵਜ਼ੀਫੇ ਅਤੇ ਪੁਸਤਕ ਗ੍ਰਾਂਟ।**
7. ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ :

### ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ :

ਪੰਜਾਬ ਦੇ ਪੱਕੇ ਵਸਨੀਕ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀਆਂ ਨੂੰ, ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ/ਸੈਕੰਡਰੀ/ਕਾਲਜ ਪੱਧਰ 'ਤੇ ਸਿੱਖਿਆ ਪ੍ਰਾਪਤ ਕਰ ਰਹੇ ਹਨ, ਨੂੰ ਇਸ ਸਕੀਮ ਅਧੀਨ ਵਜ਼ੀਫ਼ੇ ਮਨਜ਼ੂਰ ਕੀਤੇ ਜਾਣਗੇ। ਇਨ੍ਹਾਂ ਦੇ ਪਰਿਵਾਰ ਦੀ ਸਾਰੇ ਵਸੀਲਿਆਂ ਤੋਂ ਸਾਲਾਨਾ ਆਮਦਨ 2,50,000/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

### ਅਤਿ ਜ਼ਰੂਰੀ ਨੋਟ :

(ੳ) **ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਵਜ਼ੀਫਾ ਸਕੀਮ** ਅਧੀਨ ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਜ਼ੀਫ਼ੇ ਦੀਆਂ ਅਰਜ਼ੀਆਂ ਕਾਲਜ ਦਾਖ਼ਲੇ ਦੇ ਇਕ ਹਫ਼ਤੇ ਦੇ ਅੰਦਰ-ਅੰਦਰ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ ASHIRWAAD ਪੋਰਟਲ ਤੇ ਆਨਲਾਈਨ ਭਰੀਆਂ ਜਾਣੀਆਂ ਚਾਹੀਦੀਆਂ ਹਨ। ਵਿਦਿਆਰਥੀ ਵਲੋਂ ਆਨ ਲਾਈਨ ਕੀਤੀ ਅਰਜ਼ੀ ਦੀ ਇਕ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫਤਰ ਵਿਚ ਜਮ੍ਹਾਂ ਕਰਾਉਣੀ ਲਾਜ਼ਮੀ ਹੈ। ਕਾਲਜ ਦਫਤਰ ਵਲੋਂ ਤਾਂ ਹੀ ਵਿਦਿਆਰਥੀ ਦੇ ਵਜ਼ੀਫੇ ਲਈ ਅਰਜ਼ੀ ਉੱਚ-ਅਧਿਕਾਰੀਆਂ ਨੂੰ ਫਾਰਵਰਡ ਕੀਤੀ ਜਾਵੇਗੀ ਜੇ ਵਿਦਿਆਰਥੀ ਨੇ ਆਨ-ਲਾਈਨ ਪੋਰਟਲ ਉੱਪਰ ਭੇਜੀ ਅਰਜ਼ੀ ਦੀ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫਤਰ ਵਿੱਚ ਨਿਸ਼ਚਿਤ ਕੀਤੀ ਮਿਤੀ ਤੱਕ ਜਮ੍ਹਾਂ ਕਰਵਾਈ ਹੋਵੇਗੀ। ਅਜਿਹਾ ਨਾ ਹੋਣ ਤੇ ਵਜ਼ੀਫਾ ਨਾ ਮਿਲਣ ਜਾਂ

ਦੇਰੀ ਨਾਲ ਮਿਲਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ। ਜੇਕਰ ਕੋਈ ਵਿਦਿਆਰਥੀ ਦਾਖਲੇ ਸਮੇਂ ਇਸ ਸਕੀਮ ਦਾ ਲਾਭ ਲੈਂਦਾ ਹੈ, ਪਰ ਉਹ ਇਸ ਪੋਰਟਲ ਤੇ ਵਜ਼ੀਫੇ ਵਾਸਤੇ Online Apply ਨਹੀਂ ਕਰਦਾ ਤਾਂ ਉਸਦਾ ਵਜ਼ੀਫੇ ਦਾ ਅਰਜ਼ੀ ਫਾਰਮ "ਡਾਇਰੈਕਟੋਰੇਟ ਐਸ.ਸੀ. ਬੀ.ਸੀ. ਅਤੇ ਘੱਟ ਗਿਣਤੀ ਵਰਗ, ਭਲਾਈ ਵਿਭਾਗ, ਪੰਜਾਬ-ਚੰਡੀਗੜ੍ਹ" ਵਲੋਂ ਸਵੀਕਾਰ ਨਹੀਂ ਕੀਤਾ ਜਾਂਦਾ ਤਾਂ ਵਿਦਿਆਰਥੀ ਨੂੰ ਦਾਖਲੇ ਸਮੇਂ ਮੁਆਫ਼ ਕਰਵਾਈ ਫੀਸ ਅਤੇ ਫੰਡ ਕਾਲਜ ਵਿੱਚ ਜਮ੍ਹਾਂ ਕਰਵਾਉਣੇ ਪੈਣਗੇ।

(ਅ) **ਭਾਰਤ ਸਰਕਾਰ ਦੀ ਘੱਟ ਗਿਣਤੀ ਵਜ਼ੀਫਾ ਸਕੀਮ** ਅਧੀਨ ਘੱਟ ਗਿਣਤੀ (ਸਿੱਖ, ਮੁਸਲਮਾਨ, ਈਸਾਈ, ਬੋਧੀ ਅਤੇ ਜੈਨ) ਫਿਰਕਿਆਂ ਨਾਲ ਸੰਬੰਧਿਤ ਵਿਦਿਆਰਥੀ ਵਜ਼ੀਫ਼ੇ ਦੀਆਂ ਅਰਜ਼ੀਆਂ ਕਾਲਜ ਦਾਖ਼ਲੇ ਦੇ ਇਕ ਹਫ਼ਤੇ ਦੇ ਅੰਦਰ-ਅੰਦਰ ਪੰਜਾਬ ਸਰਕਾਰ ਵਲੋਂ ਚਲਾਏ ਜਾ ਰਹੇ National Portal ਉਪਰ ਆਨਲਾਈਨ ਭਰ ਸਕਦੇ ਹਨ। ਵਿਦਿਆਰਥੀ ਵਲੋਂ ਆਨ ਲਾਈਨ ਕੀਤੀ ਅਰਜ਼ੀ ਦੀ ਇਕ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫਤਰ ਵਿਚ ਜਮ੍ਹਾਂ ਕਰਾਉਣੀ ਲਾਜ਼ਮੀ ਹੈ। ਕਾਲਜ ਦਫਤਰ ਵਲੋਂ ਤਾਂ ਹੀ ਵਿਦਿਆਰਥੀ ਦੇ ਵਜ਼ੀਫੇ ਲਈ ਅਰਜ਼ੀ ਉੱਚ-ਅਧਿਕਾਰੀਆਂ ਨੂੰ ਫਾਰਵਰਡ ਕੀਤੀ ਜਾਵੇਗੀ ਜੇ ਵਿਦਿਆਰਥੀ ਨੇ ਆਨ-ਲਾਈਨ ਪੋਰਟਲ ਉੱਪਰ ਭੇਜੀ ਅਰਜ਼ੀ ਦੀ ਹਾਰਡ ਕਾਪੀ ਲੋੜੀਂਦੇ ਦਸਤਾਵੇਜ਼ਾਂ ਸਹਿਤ ਕਾਲਜ ਦਫਤਰ ਵਿੱਚ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾਈ ਹੋਵੇਗੀ। ਅਜਿਹਾ ਨਾ ਹੋਣ ਤੇ ਵਜ਼ੀਫਾ ਨਾ ਮਿਲਣ ਜਾਂ ਦੇਰੀ ਨਾਲ ਮਿਲਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

(ੲ) ਵਿਦਿਆਰਥੀ ਪੋਸਟ-ਮੈਟ੍ਰਿਕ ਸਕਾਲਰਸ਼ਿੱਪ ਸਕੀਮ ਅਤੇ ਘੱਟ ਗਿਣਤੀ ਵਜ਼ੀਫਾ ਸਕੀਮ ਤਹਿਤ ਕੇਵਲ ਇੱਕ ਸਕੀਮ ਅਧੀਨ ਹੀ ਲਾਭ ਪ੍ਰਾਪਕ ਕਰ ਸਕਦਾ ਹੈ।

(ਸ) ਜਿਹੜੇ ਵਿਦਿਆਰਥੀ ਕਾਲਜ ਵਿੱਚ ਦਾਖਲ ਹੋਣ ਉਪਰੰਤ, ਪੋਰਟਲ ਰਾਹੀਂ ਅਰਜ਼ੀ ਭੇਜਣ ਅਤੇ ਇਸ ਦੀ ਹਾਰਡ ਕਾਪੀ ਦਫਤਰ ਵਿੱਚ ਜਮ੍ਹਾਂ ਕਰਾਉਣ ਉਪਰੰਤ ਕਿਸੇ ਹੋਰ ਸੰਸਥਾ ਵਿੱਚ ਦਾਖਲ ਹੋਣ ਜਾਣਗੇ, ਉਹਨਾਂ ਲਈ ਜ਼ਰੂਰੀ ਹੈ ਕਿ ਉਹ ਇਸ ਸੰਬੰਧੀ ਲਿਖਤ ਸੂਚਨਾ ਕਾਲਜ ਦਫਤਰ ਵਿੱਚ ਦੇ ਕੇ ਜਾਣ ਅਤੇ ਪਹਿਲਾਂ ਭੇਜੀ ਗਈ ਅਰਜ਼ੀ ਨੂੰ ਰੱਦ ਕਰਨ ਲਈ ਲਿਖਤ ਬੇਨਤੀ ਕਰਨ। ਦੋ ਜਾਂ ਦੋ ਤੋਂ ਵਧੇਰੇ ਸੰਸਥਾਵਾਂ ਤੋਂ ਵਜ਼ੀਫੇ ਦਾ ਦਾਅਵਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਵਿਦਿਆਰਥੀ ਦੀ ਤਰਫ ਤੋਂ ਕਾਲਜ ਵਲੋਂ ਸਰਕਾਰ ਜਾਂ ਯੂਨੀਵਰਸਿਟੀ ਨੂੰ ਭੇਜੀ ਗਈ ਫੀਸ/ਫੰਡ ਆਦਿ ਦੀ ਵਸੂਲੀ ਵਿਦਿਆਰਥੀ ਪਾਸੋਂ ਕੀਤੀ ਜਾਵੇਗੀ।

(ਹ) **ਸਟੇਟ ਪੱਛੜੀ ਸ਼੍ਰੇਣੀ ਭਲਾਈ ਸਕੀਮ :**

ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਉਨ੍ਹਾਂ ਵਿਦਿਆਰਥੀਆਂ, ਜਿਹੜੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ, ਨੂੰ ਇਸ ਸਕੀਮ ਅਧੀਨ ਭਲਾਈ ਫੰਡ ਮਨਜ਼ੂਰ ਕੀਤੇ ਜਾਂਦੇ ਹਨ, ਬਸ਼ਰਤੇ ਕਿ ਉਨ੍ਹਾਂ ਦੇ ਪਰਿਵਾਰ ਦੀ ਸਾਲਾਨਾ ਆਮਦਨ ਇਕ ਲੱਖ ਰੁਪਏ ਤੋਂ ਵੱਧ ਨਾ ਹੋਵੇ।

(ਕ) **ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਲੜਕੀਆਂ ਨੂੰ ਵਿਸ਼ੇਸ਼ ਗਰਾਂਟ :**

ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਲੜਕੀਆਂ, ਜਿਨ੍ਹਾਂ ਦੇ ਮਾਪੇ/ਸਰਪ੍ਰਸਤ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ, ਨੂੰ ਵਿਸ਼ੇਸ਼ ਗਰਾਂਟ ਦਿੱਤੀ ਜਾਂਦੀ ਹੈ।

(ਖ) **ਵਜ਼ੀਫਾ ਫਾਰਮ ਆਨ ਲਾਈਨ ਭਰਨ ਉਪਰੰਤ ਹਾਰਡ ਕਾਪੀ ਨਾਲ ਨਿਮਨਲਿਖਤ ਦਸਤਾਵੇਜ਼ ਦਫਤਰ ਵਿੱਚ ਜਮ੍ਹਾਂ ਕਰਵਾਉਣੇ ਲਾਜ਼ਮੀ ਹਨ :**

1. (ੳ) ਵਜ਼ੀਫਾ ਫਾਰਮ ਵਿੱਚ ਦਰਜ ਬੈਂਕ ਦਾ ਨਾਂ ਅਤੇ ਆਈ.ਐਫ.ਐਸ.ਸੀ. ਕੋਡ

(ਅ) ਵਿਦਿਆਰਥੀ ਦੇ ਆਨਲਾਈਨ ਬੈਂਕ ਦਾ ਖਾਤਾ ਨੰਬਰ

(ੲ) ਵਿਦਿਆਰਥੀ ਦੇ ਆਧਾਰ ਕਾਰਡ ਦੀ ਫੋਟੋ ਕਾਪੀ।

(ਇਸ ਸਕੀਮ ਅਧੀਨ ਵਿਦਿਆਰਥੀਆਂ ਨੂੰ ਵਜ਼ੀਫਿਆਂ ਦੀ ਅਦਾਇਗੀ ਉਹਨਾਂ ਦੇ ਆਨ-ਲਾਈਨ ਬੈਂਕ ਖਾਤਿਆਂ ਵਿੱਚ ਕੀਤੀ ਜਾਣੀ ਹੈ, ਇਸ ਲਈ ਵਿਦਿਆਰਥੀ ਦਾ ਖਾਤਾ ਚਾਲੂ ਹਾਲਤ ਵਿੱਚ ਹੋਣਾ ਚਾਹੀਦਾ ਹੈ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣੇ ਚਾਹੀਦੇ ਹਨ। ਬੈਂਕ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਸੂਚਨਾ ਗਲਤ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜ਼ਿੰਮੇਵਾਰੀ ਸੰਬੰਧਤ ਵਿਦਿਆਰਥੀ ਦੀ ਹੋਵੇਗੀ।)

2. (ੳ) ਐਸ.ਸੀ. ਵਿਦਿਆਰਥੀ ਜਿਨ੍ਹਾਂ ਨੇ ਫੀਸ ਮੁਆਫੀ ਦਾ ਲਾਭ ਲੈਣਾ ਹੈ, ਉਨ੍ਹਾਂ ਵਾਸਤੇ ਆਮਦਨ ਦੇ ਸਬੂਤ ਕੇਵਲ "ਆਮਦਨ ਸਰਟੀਫਿਕੇਟ" ਹੀ ਸਵੀਕਾਰ ਕੀਤਾ ਜਾਵੇਗਾ, ਐਫੀਡੇਵਿਟ ਮਨਜ਼ੂਰ ਨਹੀਂ ਕੀਤਾ ਜਾਵੇਗਾ। ਜੇਕਰ ਕਿਸੇ ਵਿਦਿਆਰਥੀ ਦੇ ਪਿਤਾ

ਸਰਕਾਰੀ ਨੌਕਰੀ ਵਿੱਚ ਹਨ ਤਾਂ ਸੰਬੰਧਤ ਵਿਭਾਗ ਦੇ ਡੀ.ਡੀ.ਓ. ਵੱਲੋਂ ਜਾਰੀ ਆਮਦਨ ਸਰਟੀਫਿਕੇਟ/ਪੈਨਸ਼ਨ ਸਰਟੀਫਿਕੇਟ ਦੀ ਕਾਪੀ ਲਗਾਉਣੀ ਜ਼ਰੂਰੀ ਹੋਵੇਗੀ।

(ਅ) ਬੀ.ਸੀ. ਵਿਦਿਆਰਥੀਆਂ ਲਈ ਇੱਕ ਲੱਖ ਰੁਪਏ ਤੋਂ ਵੱਧ ਆਮਦਨ ਨਾ ਹੋਣ ਦੇ ਸਬੂਤ ਵਜੋਂ ਆਮਦਨ ਸਰਟੀਫਿਕੇਟ।

(ੲ) ਘੱਟ ਗਿਣਤੀ ਫਿਰਕਿਆਂ ਲਈ ਦੋ ਲੱਖ ਰੁਪਏ ਤੋਂ ਵੱਧ ਆਮਦਨ ਨਾ ਹੋਣ ਦਾ ਸਵੈ ਘੋਸ਼ਣਾ ਪੱਤਰ।

* ਜਾਤੀ ਦੇ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
* ਪਿਛਲੀ ਪਾਸ ਕੀਤੀ ਕਲਾਸ ਦੇ ਨੰਬਰ ਕਾਰਡ ਦੀ ਤਸਦੀਕ ਸ਼ੁਦਾ ਫੋਟੋ ਕਾਪੀ।
* ਇਕ ਪਾਸਪੋਰਟ ਸਾਈਜ਼ ਫੋਟੋ।

(ਪੰਜਾਬ ਸਰਕਾਰ ਵਲੋਂ ਵੱਖ-ਵੱਖ ਭਲਾਈ ਸਕੀਮਾਂ ਸੰਬੰਧੀ ਜਾਣਕਾਰੀ www.welfarepunjab.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।)

8. **ਫੌਜੀ ਕਾਰਵਾਈ ਦੌਰਾਨ ਮਾਰੇ ਗਏ ਅਫ਼ਸਰਾਂ/ਕਰਮਚਾਰੀਆਂ ਦੇ ਬੱਚਿਆਂ ਲਈ ਰਿਆਇਤਾਂ :**

ਹਿੰਦ-ਪਾਕਿ, ਹਿੰਦ-ਚੀਨ ਲੜਾਈਆਂ ਜਾਂ ਸ਼੍ਰੀ ਲੰਕਾ ਵਿੱਚ IPKF ਕਾਰਵਾਈ ਦੌਰਾਨ ਮਾਰੇ ਗਏ, ਅਪਾਹਜ ਹੋਏ ਫੌਜੀ, ਨੀਮ ਫੌਜੀ ਅਫ਼ਸਰਾਂ/ਕਰਮਚਾਰੀਆਂ ਦੇ ਬੱਚਿਆਂ ਨੂੰ ਹੇਠ ਲਿਖੀਆਂ ਰਿਆਇਤਾਂ ਮਿਲਣਗੀਆਂ :

ੳ) ਹੋਸਟਲ ਖਰਚਿਆਂ ਤੋਂ ਮੁਆਫੀ।

ਅ) ਕਿਤਾਬਾਂ ਅਤੇ ਸਟੇਸ਼ਨਰੀ ਦਾ ਖਰਚ।

**ਨੋਟ—** ਉਪਰੋਕਤ ਸਹੂਲਤਾਂ ਦੇ ਹੱਕਦਾਰ ਉਹੀ ਵਿਦਿਆਰਥੀ ਹੋਣਗੇ ਜਿਹੜੇ ਕਾਲਜ ਅਨੁਸ਼ਾਸਨ ਪ੍ਰਤੀ ਪੂਰੇ ਵਫ਼ਾਦਾਰ ਹੋਣਗੇ।

9. ਪੰਜਾਬ ਸਰਕਾਰੀ ਦੇ ਪੱਤਰ ਨੰਬਰ HED-EDUIOMISC/63/2021/643 ਮਿਤੀ 18.7.2021 ਦੇ ਅਨੁਸਾਰ ਕੋਵਿਡ-19 ਦੀ ਮਹਾਮਾਰੀ ਦੌਰਾਨ ਯਤੀਮ ਹੋਏ ਬੱਚਿਆਂ ਜਾਂ ਪਰਿਵਾਰ ਦੀ ਕਮਾਈ ਵਾਲਾ ਮੁੱਖੀਆ ਗੁਆਉਣ ਵਾਲੇ ਬੱਚਿਆਂ ਨੂੰ ਗ੍ਰੈਜੂਏਸ਼ਨ ਪੱਧਰ ਤੱਕ ਦੀ ਸਿੱਖਿਆ ਮੁਫਤ ਦਿੱਤੀ ਜਾਵੇਗੀ। ਇਸ ਲਈ ਸਰਕਾਰ ਵਲੋਂ ਜਾਰੀ ਸਰਟੀਫਿਕੇਟ ਕਾਲਜ ਨੂੰ ਦਿਖਾਉਣਾ ਜ਼ਰੂਰੀ ਹੈ।

## ਰੋਲ ਆਫ਼ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟ

TRANSLATED COPY

**Scholarships:**

The students are informed about the scholarships from time to time on receiving the information from the government. Any stipend/financial benefit may be withdrawn as per the instructions of the Government.

Scholarships for students in this college are as follows:-

1. The scholarships which are being awarded to the students of affiliated colleges by Dean, College Development Council of the Panjab University. The list of scholarships which are being awarded to the students of affiliated colleges by the Dean College Development Council in the following categories is available on the website of Dean,

College Development Council Panjab University i.e.

http://dedc.suchd.ac.in

1. Means cum Merit

2. Sports

3. Single Girl Child

4. Physically Disabled

5. Aids/Cancer Patient

In addition to above scholarships available to the students of Panjab University the other scholarships are also available on Panjab University website:http://puchd.ac.in

2. The Scholarships by Punjab Education Department: These are awarded by the Punjab Government on the basis of merit.

3. National Scholarships: These are awarded by the Central Government on the basis of merit.

4. Scholarships for Scheduled Castes and Backward Classes: These are provided by Punjab Govt.

5. National Talent Scholarship: These are awarded to students on the basis of test.

6. Scholarship and grant for books for the children of political victims.

7. Facilities provided to the students of Scheduled Castes, Backward Classes, De-notified Castes and Low Income Group categories.

Post Matric Scholarship Scheme of the Govt of India:-

The scholarships under this scheme will be sanctioned to those students of Scheduled Castes who are permanent residents of Punjab and are pursuing education at Post Matric/Secondary/College level in any part of India. The annual income of their family from all sources should not exceed Rs.2, 50,000/-.

Urgent Note:

(a) The applications for scholarship related to Scheduled Caste under the Post Matric Scholarship Scheme of Govt of India should be filled online within one week of admission to the college on the ASHIRWAD portal operated by the Government of Punjab. A hard copy of this online filled application along with all the required documents must be submitted to the college office. The college office will forward the student's scholarship application to the higher authorities only if the student submits the hard copy of the application sent on the online portal along with the required documents to the college office by the specified date. In case of not following this direction,the student himself will be responsible for not receiving scholarship or for any delay in receiving it. If a student avails the benefit of this scholarship at the time of admission but does not apply online for the scholarship on the said online portal, his scholarship application form is not considered by the department of 'The Directorate of SC BC &Minorities Welfare Punjab-Chandigarh'. In such a case the student will have to deposit the fees and funds waived at the time of his admission in the college.

(b) Minority Scholarship Scheme of the Govt of India:-

The applications for scholarship by students belonging to minority (Sikh, Muslim, Christian, Buddhist and Jain) communities under the Minority Scholarship Scheme of the Government of India shall be submitted online within one week of admission to the college on the National Portal operated by the Government of Punjab. The student must submit a hard copy of the online filled application along with the required documents to the college office. The college office will forward the student's scholarship application to the higher authorities only if the student has submitted the hard copy of the application sent on the online portal along with the required documents to the college office by the specified date. If this is not followed, the student will be responsible for not receiving the scholarship or receiving it late.

(c) A student can avail benefit under only one scheme i.e. either under Post-Matric Scholarship Scheme or under Minority Welfare Scheme.

(d)The students who take admission in the college, fill the application form for scholarships through the online portal and submit the hard copy in the office but thereafter get admission in

some other institution, it is mandatory for them to give a written intimation to the college office and submit a request in writing for cancellation of previously sent application for scholarship. Legal action will be taken against students claiming scholarships from two or more institutions. In such cases, the fees/funds etc. sent by the college to the government or the university on behalf of the student will be recovered from the student.

(h) State Backward Classes Welfare Scheme:

The students belonging to the backward classes, who are permanent residents of the state of Punjab, are sanctioned welfare funds under this scheme, provided their annual family income does not exceed one lakh rupees.

(a) Special grant to girls belonging to Scheduled Castes:

Girls belonging to Scheduled Castes, whose parents/guardians are permanent residents of Punjab State, are given a special grant.

(b) After filling the scholarship form online, the following documents with hard copy must be submitted in the office:

1. (a) Name of Bank and IFSC code as mentioned in Scholarship form.

(b) Online bank account number of the student

(c) Photocopy of Aadhaar Card of the student.

(Under this scheme the stipends paid to the students in their online bank accounts

Therefore, the student's account must be active and the account details must be correct

Students will be responsible for non-payment due to incorrect information regarding bank account.

2. (a) Sc. For students who want to avail fee waiver, income proofs only "Income

Certificate" will be accepted, Affidavit will not be accepted. If the father of a student is in Government service there income certificate/ pension certificate must be attested by their DDO.

(b) Income certificate for BC students as a proof of income not exceeding one lakh rupees.

(c) Self-declaration about income not exceeding two lakh rupees for minority communities.

* Attested photo copy of caste certificate.

*Attested photo copy of Detail Marks Card of the class passed in the previous year.

*One passport size photograph.

(Information regarding various welfare schemes of Punjab Government can be obtained from www.welfarepunjab.gov.in.)

8. Concessions for children of officers/personnel killed in military action:-

The children of military, paramilitary officers/personnel who were killed or disabled during Indo-Pak, Indo-China wars or IPKF operations in Sri Lanka will get the following concessions:

a) Waiver of hostel charges.

B) Expenditure on books and stationery.

Note- Only those students who are fully loyal to the college discipline will be entitled to the above facilities.

9. As per the Govt Letter number HED-EDUIOMISC/63/2021/643 dated 18.7.2021, free education upto graduation level will be provided to the children who have become orphans or who have lost the bread-winner of the family during the epidemic of Covid-19. To avail this benefit It is mandatory to show to college the required certificate issued by the government.

IQAC Coordinator
GOVT COLLEGE
Tanda Urmar (Hsp.)

Principal
G.R.S.M. Govt. College
Tanda Urmar (Hsp.)